## ਰਿਕਾਰਡ ਰੱਖਣਾ

ਤੁਹਾਨੂੰ ਆਪਣੇ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਬੱਚੇ ਦੀ ਸਾਂਭ ਸੰਭਾਲ ਕੇਂਦਰ (child care), ਪ੍ਰੀਸਕੂਲ (preschool) ਅਤੇ ਸਕੂਲ ਵਿੱਚ ਦਾਖਲੇ ਲਈ ਦੇਣ ਦੀ ਜਰੂਰਤ ਹੋਵੇਗੀ। ਮਾਪੇ ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਟੀਕਾਕਰਨ ਦੇ ਬਿਓਰੇ ਦੀ ਇੱਕ ਕਾਪੀ ਦੀ ਬੇਨਤੀ ਕਰ ਸਕਦੇ ਹਨ (ਇਸ ਤੋਂ ਪਹਿਲਾਂ ਕਿ ਉਨ੍ਹਾਂ ਦੇ ਬੱਚੇ 14 ਸਾਲ ਦੇ ਹੋ ਜਾਣ):

- myGov my.gov.au au ਰਾਹੀਂ ਆਪਣੇ ਮੈਡੀਕੇਅਰ ਆਨਲਾਈਨ ਖਾਤੇ ਦੀ ਵਰਤੋਂ ਕਰਦੇ ਹੋਏ
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ humanservices.gov.au/individuals/subjects/express-plus-mobile-apps ਦੀ ਵਰਤੋਂ ਕਰਦੇ ਹੋਏ
- ਏ ਆਈ ਆਰ ਆਮ ਜਾਣਕਾਰੀ ਦੀ ਲਾਈਨ 1800 653 809 ਤੇ ਫੋਨ ਕਰਕੇ

# ਕੀ ਤੁਹਾਨੂੰ ਪਤਾ ਹੈ ਕਿ ਨਿਊ ਸਾਊਥ ਵੇਲਜ਼ ਵਿਚ **94% ਤੋਂ** ਜਿਆਦਾ ਬੱਚਿਆਂ ਦਾ **ਪੂਰੀ ਤਰ੍ਹਾਂ ਟੀਕਾਕਰਨ** ਹੋਇਆ ਹੈ ?

## ਟੀਕਾਕਰਨ ਕਿਥੋਂ ਲਗਵਾਈਏ

ਟੀਕਾਕਰਣ ਇਹਨਾਂ ਦੁਆਰਾ ਕੀਤਾ ਜਾਂਦਾ ਹੈ:

- ਜੀ ਪੀ
- ਕੁੱਝ ਲੋਕਲ ਕੌਂਸਲਾਂ
- ਕੁੱਝ ਸਮੂਹਕ ਸਿਹਤ ਕੇਂਦਰ

ਜੇਕਰ ਤੁਹਾਨੂੰ ਆਪਣੇ ਇਲਾਕੇ ਵਿੱਚ ਕਿਹੜੀਆਂ ਸੇਵਾਵਾਂ ਉਪਲਬਧ ਹਨ ਬਾਰੇ ਸ਼ੱਕ ਹੈ, ਤੁਸੀਂ ਆਪਣੇ ਸੱਭ ਤੋਂ ਨੇੜਲੇ ਪਬਲਿਕ ਹੈਲਥ ਯੂਨਿਟ ਨਾਲ **1300 066 055** ਉਪਰ ਸੰਪਰਕ ਕਰ ਸਕਦੇ ਹੋ।




ਸਤੰਬਰ 2021 © NSW Health.
SHPN (HP NSW) 210822-18.

NSW Health

# ਸਮੇਂ ਸਿਰ ਟੀਕਾਕਰਨ ਕਰਵਾਉ

## ਆਪਣੇ ਬੱਚੇ ਨੂੰ ਵਧੀਆ ਸੁਰੱਖਿਆ ਪ੍ਰਦਾਨ ਕਰੋ

NSW GOVERNMENT



## ਟੀਕਾਕਰਨ ਕਰਵਾਉਣ ਵਿੱਚ ਦੇਰੀ ਨਾ ਕਰੋ

ਵੈਕਸੀਨ ਸੁਰੱਖਿਅਤ ਹਨ ਅਤੇ ਜੇ ਉਹ ਐਨ ਐਸ ਡਬਲਯੂ ਟੀਕਾਕਰਣ ਅਨੁਸੂਚੀ ਦੇ ਅਨੁਸਾਰ ਸਮੇਂ ਸਿਰ ਦਿੱਤੇ ਜਾਂਦੇ ਹਨ, ਤਾਂ ਉਹ ਤੁਹਾਡੇ ਬੱਚੇ ਨੂੰ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦੇ ਹਨ।

ਬੱਚਿਆਂ ਨੂੰ ਦਿੱਤੇ ਜਾਣ ਵਾਲੇ ਹਰ ਇੱਕ ਵੈਕਸੀਨ ਦਾ ਸਮਾਂ ਮਾਹਰਾਂ ਦੁਆਰਾ ਧਿਆਨ ਨਾਲ ਚੁਣਿਆ ਜਾਂਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਚੇ ਉਸ ਉਮਰ ਵਿੱਚ ਸੁਰੱਖਿਅਤ ਹਨ, ਜਦੋਂ ਬਿਮਾਰੀ ਸਭ ਤੋਂ ਆਮ ਜਾਂ ਸਭ ਤੋਂ ਗੰਭੀਰ ਹੁੰਦੀ ਹੈ।

ਜੇ ਤੁਹਾਡੇ ਬੱਚੇ ਦਾ ਨੱਕ ਵਗ ਰਿਹਾ ਹੈ, ਜਾਂ ਉਸਨੂੰ ਹਲਕਾ ਜ਼ੁਕਾਮ ਹੈ ਤਾਂ ਉਸ ਦੇ ਟੀਕਾਕਰਨ ਵਿੱਚ ਦੇਰੀ ਨਾ ਕਰੋ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਜਿੰਨੀ ਛੇਤੀ ਸੰਭਵ ਹੋ ਸਕੇ ਸੁਰੱਖਿਅਤ ਹੋਵੇ, ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ**
**ਸਮੇਂ ਤੇ ਟੀਕਾਕਰਨ ਕਰਵਾਓ**



## ਟੀਕਾਕਰਣ ਕਿਉਂ ਕਰਵਾਈਏ

- ਟੀਕਾਕਰਨ ਤੁਹਾਡੇ ਬੱਚੇ ਦਾ ਖ਼ਤਰਨਾਕ ਬਿਮਾਰੀਆਂ ਤੋਂ ਬਚਾਅ ਲਈ ਬਹੁਤ ਉਤਮ ਤਰੀਕਾ ਹੈ
- ਟੀਕਾਕਰਨ ਤੁਹਾਡੇ ਬੱਚੇ ਅਤੇ ਤੁਹਾਡੇ ਭਾਈਚਾਰੇ ਦੀ ਰੱਖਿਆ ਕਰਦਾ ਹੈ।
- ਟੀਕਾਕਰਨ ਗੰਭੀਰ ਟੀਕੇ ਨਾਲ ਰੋਕਥਾਮ ਵਾਲੀਆਂ ਬਿਮਾਰੀਆਂ ਨੂੰ ਕਾਬੂ ਕਰਨ ਵਿੱਚ ਸਹਾਇਤਾ ਕਰਦਾ ਹੈ।

## ਟੀਕਾਕਰਨ ਕਦੋਂ ਕਰਵਾਈਏ

ਐਨ ਐਸ ਡਬਲਯੂ ਟੀਕਾਕਰਣ ਸੂਚੀ (NSW Immunisation Schedule) ਸਿਫਾਰਸ਼ ਕਰਦੀ ਹੈ ਕਿ ਬੱਚਿਆਂ ਨੂੰ ਹੇਠ ਲਿਖੀਆਂ ਉਮਰਾਂ ਵਿੱਚ ਟੀਕਾਕਰਨ ਲਗਾਇਆ ਜਾਵੇ:

- ਜਨਮ ਸਮੇਂ
- 6 ਹਫ਼ਤੇ
- 4 ਮਹੀਨੇ
- 6 ਮਹੀਨੇ
- 12 ਮਹੀਨੇ
- 18 ਮਹੀਨੇ
- 4 ਸਾਲ

ਆਪਣੇ ਬੱਚੇ ਨੂੰ ਸਮੇਂ ਤੇ ਟੀਕਾ ਲਗਵਾਉਣਾ ਮਹੱਤਵਪੂਰਨ ਹੈ। ਇਸ ਲਈ ਪਹਿਲਾਂ ਹੀ ਬੁਕਿੰਗ ਕਰ ਲਉ, ਆਪਣੇ ਡਾਕਟਰ ਜਾਂ ਨਰਸ ਨਾਲ ਸਮਾਂ ਨਿਯੁਕਤ ਕਰ ਲਉ ਅਤੇ ਟੀਕਾਕਰਨ ਲਈ ਨਿਰਧਾਰਤ ਤਾਰੀਖ ਤਹਿ ਕਰ ਲਵੋ।

## ਟੀਕਾਕਰਨ ਤੋਂ ਬਾਅਦ

ਵੈਕਸੀਨ ਤੁਹਾਡੇ ਬੱਚੇ ਨੂੰ ਗੰਭੀਰ ਬਿਮਾਰੀ ਤੋਂ ਬਚਾਉਣ ਲਈ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ।

ਕਈ ਵਾਰ ਟੀਕਾ ਲਗਾਉਣ ਤੋਂ ਬਾਅਦ ਤੁਹਾਡੇ ਬੱਚੇ ਤੇ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਵੇਂ ਕਿ ਦਰਦ, ਸੋਜ ਅਤੇ ਲਾਲੀ ਜਿੱਥੇ ਟੀਕਾ ਲਗਾਇਆ ਗਿਆ ਸੀ।

ਜੇ ਤੁਸੀਂ ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਚਿੰਤਤ ਹੋ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

## ਬੱਚਿਆਂ ਲਈ ਫਲੂਅ ਦਾ ਮੁਫਤ ਟੀਕਾ

ਇਨਫਲੂਐਂਜ਼ਾ (ਫਲੂਅ) ਦਾ ਟੀਕਾ ਗੰਭੀਰ ਫਲੂਅ ਦੇ ਵਿਰੁੱਧ ਤੁਹਾਡੇ ਬੱਚੇ ਲਈ ਬਿਹਤਰੀਨ ਸੁਰੱਖਿਆ ਹੈ। ਇਹ 6 ਮਹੀਨਿਆਂ ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਹੈ। ਫਲੂਅ ਦੇ ਸਭ ਤੋਂ ਆਮ ਕਿਸਮ ਤੋਂ ਬਚਾਉਣ ਲਈ ਫਲੂਅ ਦੇ ਟੀਕੇ ਨੂੰ ਹਰ ਸਾਲ ਦਿੱਤੇ ਜਾਣ ਦੀ ਜ਼ਰੂਰਤ ਹੁੰਦੀ ਹੈ। ਇਹ ਟੀਕਾ ਤੁਹਾਡੇ ਆਮ ਟੀਕਾਕਰਨ ਕਰਨ ਵਾਲੇ ਕੋਲ ਉਪਲਬਧ ਹੈ।

ਵਧੇਰੇ ਜਾਣਕਾਰੀ ਲਈ **health.nsw.gov.au/flu** ਉਪਰ ਜਾਓ